# **STOPIT** ਨਾਲ ਜਨਤਕ ਆਵਾਜਾਈ ‘ਤੇ ਹੋਏ ਅਣਚਾਹੇ ਵਿਵਹਾਰਾਂ ਦੀ ਰਿਪੋਰਟ ਕਰੋ




ਜੇਕਰ ਕਦੇ ਵੀ ਤੁਸੀਂ ਜਨਤਕ ਆਵਾਜਾਈ ‘ਤੇ ਅਸਹਿਜ ਜਾਂ ਧਮਕਾਇਆ ਗਿਆ ਮਹਿਸੂਸ ਕੀਤਾ ਹੈ, ਤਾਂ ਤੁਸੀਂ ਇਕੱਲੇ ਨਹੀਂ ਹੋ।

ਰੇਲਗੱਡੀਆਂ, ਟਰਾਮਾਂ ਅਤੇ ਬੱਸਾਂ ਸਮੇਤ - ਜਨਤਕ ਥਾਵਾਂ ‘ਤੇ ਕੋਈ ਵੀ ਜਿਨਸੀ ਛੇੜਛਾੜ ਜਾਂ ਸਮਾਜ ਵਿਰੋਧੀ ਵਿਵਹਾਰ ਦਾ ਸ਼ਿਕਾਰ ਹੋ ਸਕਦਾ ਹੈ।

ਲੋਕ ਅਕਸਰ ਵਿਕਟੋਰੀਆ ਪੁਲਿਸ ਨੂੰ ਇਹਨਾਂ ਚੀਜ਼ਾਂ ਦੀ ਰਿਪੋਰਟ ਕਰਨ ਬਾਰੇ ਬੇਯਕੀਨਾ ਮਹਿਸੂਸ ਕਰਦੇ ਹਨ, ਪਰ ਜੇਕਰ ਇਹ ਤੁਹਾਨੂੰ ਕਿਸੇ ਵੀ ਤਰੀਕੇ ਨਾਲ ਅਸੁਰੱਖਿਅਤ ਮਹਿਸੂਸ ਕਰਵਾਉਂਦਾ ਹੈ ਤਾਂ ਇਹ ਗੰਭੀਰ ਹੈ ਅਤੇ ਇਸਨੂੰ ਰੋਕਿਆ ਜਾਣਾ ਚਾਹੀਦਾ ਹੈ।

ਸਹਾਇਤਾ ਕਰਨ ਲਈ, ਵਿਕਟੋਰੀਆ ਪੁਲਿਸ ਨੇ STOPIT: ਟੈਕਸਟ ਲਾਈਨ ਸ਼ੁਰੂ ਕੀਤੀ ਹੈ ਜੋ 13 ਭਾਸ਼ਾਵਾਂ ਵਿੱਚ ਸੂਚਨਾ ਦੇਣ ਨੂੰ ਸਿਆਣਪ ਭਰਿਆ, ਸੌਖਾ ਅਤੇ ਪੂਰੀ ਤਰ੍ਹਾਂ ਗੁਪਤ ਬਣਾਉਂਦੀ ਹੈ।

ਇਹਨਾਂ ਵਿਵਹਾਰਾਂ ਦੀ ਰਿਪੋਰਟ ਕਰਕੇ ਤੁਸੀਂ ਪੁਲਿਸ ਨੂੰ ਅਪਰਾਧੀਆਂ ਦੀ ਪਛਾਣ ਕਰਨ, ਸੁਰੱਖਿਆ ਵਿੱਚ ਸੁਧਾਰ ਕਰਨ ਅਤੇ ਪੂਰੇ ਭਾਈਚਾਰੇ ਲਈ ਵਧੇਰੇ ਸੁਰੱਖਿਅਤ ਨੈੱਟਵਰਕ ਬਣਾਉਣ ਵਿੱਚ ਮਦਦ ਕਰੋਗੇ।

## STOPIT ਕਿਵੇਂ ਕੰਮ ਕਰਦੀ ਹੈ?

STOPIT ਜਨਤਕ ਆਵਾਜਾਈ ‘ਤੇ ਹੋਈ ਜਿਨਸੀ ਛੇੜਛਾੜ ਅਤੇ ਸਮਾਜ ਵਿਰੋਧੀ ਵਿਵਹਾਰਾਂ ਦੀ ਟੈਕਸਟ ਮੈਸਜ ਰਾਹੀਂ ਰਿਪੋਰਟ ਕਰਨ ਲਈ ਇੱਕ ਸੇਵਾ ਹੈ।

STOPIT ਨੂੰ 0499 455 455 ‘ਤੇ ਮੈਸਜ ਕਰਨ ਤੋਂ ਬਾਅਦ, ਇਸ ਲਈ ਸਮਰਪਿਤ ਵਿਕਟੋਰੀਆ ਪੁਲਿਸ ਦੀ ਟੀਮ ਜੋ ਮੁੱਦੇ ਦੀ ਜਾਂਚ ਕਰ ਸਕਦੀ ਹੈ, ਵੱਲੋਂ ਹੋਰ ਵੇਰਵੇ ਪ੍ਰਦਾਨ ਕਰਨ ਲਈ ਲੋਕਾਂ ਨੂੰ ਇੱਕ ਲਿੰਕ ਪ੍ਰਾਪਤ ਹੁੰਦਾ ਹੈ।

STOPIT ਲਾਈਨ ‘ਤੇ ਭੇਜੇ ਮੈਸਜ਼ਾਂ ਦੀ ਹਰ ਸਮੇਂ ਨਿਗਰਾਨੀ ਨਹੀਂ ਕੀਤੀ ਜਾਂਦੀ ਹੈ ਅਤੇ ਜੇਕਰ ਤੁਹਾਨੂੰ ਪੁਲਿਸ ਸਹਾਇਤਾ ਦੀ ਤੁਰੰਤ ਲੋੜ ਹੈ ਤਾਂ ਤੁਹਾਨੂੰ ਟ੍ਰਿਪਲ ਜ਼ੀਰੋ (000) ‘ਤੇ ਕਾਲ ਕਰਨੀ ਚਾਹੀਦੀ ਹੈ।

**0499 455 455** ‘ਤੇ **STOPIT** ਲਿਖਕੇ ਭੇਜੋ।

VICTORIA State Government

VICTORIA POLICE

## ਤੁਸੀਂ ਕੀ ਰਿਪੋਰਟ ਕਰ ਸਕਦੇ ਹੋ?

ਤੁਸੀਂ ਕਿਸੇ ਵੀ ਤਰ੍ਹਾਂ ਦੇ ਅਣਚਾਹੇ ਜਿਨਸੀ ਅਤੇ ਸਮਾਜ-ਵਿਰੋਧੀ ਵਿਵਹਾਰ ਦੀ ਰਿਪੋਰਟ ਕਰ ਸਕਦੇ ਹੋ ਜੋ ਤੁਹਾਨੂੰ ਇਸ ਤਰ੍ਹਾਂ ਦਾ ਮਹਿਸੂਸ ਕਰਵਾਉਂਦਾ ਹੈ:

- ਅਸਹਿਜ
- ਡਰਿਆ ਹੋਇਆ
- ਧਮਕਾਇਆ ਗਿਆ

ਇਹ ਵਿਵਹਾਰ ਸਰੀਰਕ ਜਾਂ ਜ਼ੁਬਾਨੀ, ਅਸਿੱਧੇ ਜਾਂ ਸਪੱਸ਼ਟ ਹੋ ਸਕਦੇ ਹਨ। ਉਹ ਲਗਾਤਾਰ ਹੁੰਦੇ ਹੋ ਸਕਦੇ ਹਨ ਜਾਂ ਇੱਕ ਵਾਰ ਵਾਪਰ ਸਕਦੇ ਹਨ।

ਅਣਚਾਹੇ ਜਿਨਸੀ ਵਿਵਹਾਰ ਦੀਆਂ ਉਦਾਹਰਨਾਂ ਵਿੱਚ ਸ਼ਾਮਲ ਹਨ:

- ਚੋਰੀ-ਛਿਪੇ ਪਿੱਛਾ ਕਰਨਾ, ਘੂਰਨਾ ਜਾਂ ਪਿੱਛੇ ਪਿੱਛੇ ਆਉਣਾ
- ਜ਼ੁਬਾਨੀ ਛੇੜਛਾੜ ਅਤੇ ਕਾਮੁਕ ਟਿੱਪਣੀਆਂ ਜਾਂ ਇਸ਼ਾਰੇ
- ਲੋਕਾਂ 'ਤੇ ਸਰੀਰ ਨਾਲ ਦਬਾਅ ਪਾਉਣਾ ਜਾਂ ਸਰੀਰਕ ਤੌਰ 'ਤੇ ਬਹੁਤ ਨਜ਼ਦੀਕ ਆਉਣਾ
- ਜਿਨਸੀ ਹਮਲਾ

ਤੁਸੀਂ ਹੋਰ ਸਮਾਜ ਵਿਰੋਧੀ ਵਿਵਹਾਰਾਂ ਦੀ ਵੀ ਰਿਪੋਰਟ ਕਰ ਸਕਦੇ ਹੋ ਜਿਨ੍ਹਾਂ ਵਿੱਚ ਸ਼ਾਮਲ ਹਨ:

- ਸ਼ੱਕੀ ਵਿਵਹਾਰ
- ਅਸ਼ਲੀਲ, ਨਸਲਵਾਦੀ, ਜਾਂ ਅਪਮਾਨਜਨਕ ਭਾਸ਼ਾ ਅਤੇ ਵਿਵਹਾਰ
- ਨਸ਼ੇ ਅਤੇ ਸ਼ਰਾਬ ਦੀਆਂ ਘਟਨਾਵਾਂ
- ਸੰਪਤੀ ਨੂੰ ਨੁਕਸਾਨ ਪੁਹੰਚਾਉਣ ਬਾਰੇ

## ਤੁਸੀਂ ਕੀ ਰਿਪੋਰਟ ਨਹੀਂ ਕਰ ਸਕਦੇ?

STOPIT ਜਨਤਕ ਆਵਾਜਾਈ 'ਤੇ ਘੱਟ ਜ਼ਰੂਰੀ ਘਟਨਾਵਾਂ ਦੀ ਰਿਪੋਰਟ ਕਰਨ ਲਈ ਹੈ।

STOPIT ਲਾਈਨ 'ਤੇ ਭੇਜੇ ਮੈਸਜ਼ਾਂ ਦੀ ਹਰ ਸਮੇਂ ਨਿਗਰਾਨੀ ਨਹੀਂ ਕੀਤੀ ਜਾਂਦੀ ਹੈ ਅਤੇ ਜੇਕਰ ਤੁਹਾਨੂੰ ਪੁਲਿਸ ਸਹਾਇਤਾ ਦੀ ਤੁਰੰਤ ਲੋੜ ਹੈ ਤਾਂ ਤੁਹਾਨੂੰ ਟ੍ਰਿਪਲ ਜ਼ੀਰੋ (000) 'ਤੇ ਕਾਲ ਕਰਨੀ ਚਾਹੀਦੀ ਹੈ।

STOPIT ਰਿਪੋਰਟ ਇੱਕ ਰਸਮੀ ਅਪਰਾਧ ਦੀ ਰਿਪੋਰਟ ਦਾਇਰ ਕਰਨ ਵਰਗੀ ਨਹੀਂ ਹੈ ਜਿਸ ਲਈ ਕਿਸੇ ਪੁਲਿਸ ਅਧਿਕਾਰੀ ਨਾਲ ਗੱਲ ਕਰਨ, ਕਿਸੇ ਪੁਲਿਸ ਸਟੇਸ਼ਨ 'ਤੇ ਜਾਣ, ਜਾਂ 1800 333 000 'ਤੇ Crime Stoppers (ਕ੍ਰਾਈਮ ਸਟੌਪਰਜ਼) ਨਾਲ ਸੰਪਰਕ ਕਰਨ ਦੀ ਲੋੜ ਪੈਂਦੀ ਹੈ।

## STOPIT ਦੀ ਵਰਤੋਂ ਕਿਵੇਂ ਕਰੀਏ?

13 ਭਾਸ਼ਾਵਾਂ ਵਿੱਚ ਰਿਪੋਰਟ ਕਰਨਾ ਉਪਲਬਧ ਹੋਣ ਨਾਲ, STOPIT ਦੀ ਵਰਤੋਂ ਕਰਨਾ ਤੇਜ਼ ਅਤੇ ਸਰਲ ਹੈ:

1. 0499 455 455 ‘ਤੇ STOPIT ਲਿਖ ਕੇ ਭੇਜੋ
2. ਤੁਹਾਨੂੰ ਔਨਲਾਈਨ ਫਾਰਮ ਭਰਨ ਲਈ ਇੱਕ ਲਿੰਕ ਮਿਲੇਗਾ ਜਿੱਥੇ ਤੁਸੀਂ ਉਸ ਘਟਨਾ ਦੇ ਵੇਰਵੇ ਸਾਂਝੇ ਕਰ ਸਕਦੇ ਹੋ, ਜਿਵੇਂ ਕਿ ਵਿਵਹਾਰ ਦੀ ਕਿਸਮ ਕੀ ਸੀ, ਇਹ ਕਦੋਂ ਅਤੇ ਕਿੱਥੇ ਵਾਪਰੀ ਸੀ।
3. ਜਿਹੜੀ ਜਾਣਕਾਰੀ ਤੁਸੀਂ ਸਾਂਝਾ ਕਰਨਾ ਚਾਹੁੰਦੇ ਹੋ ਉਸ ਨਾਲ ਫਾਰਮ ਭਰੋ। ਤੁਹਾਡੇ ਕੋਲ ਕਿਸੇ ਤਸਵੀਰ ਜਾਂ ਵੀਡੀਓ ਨੂੰ ਅੱਪਲੋਡ ਕਰਨ ਦਾ ਵਿਕਲਪ ਵੀ ਹੁੰਦਾ ਹੈ।
4. ਜਮ੍ਹਾਂ ਕਰੋ ਅਤੇ ਪੁਸ਼ਟੀ ਲਈ ਮੈਸਜ਼ ਆਉਣ ਦੀ ਉਡੀਕ ਕਰੋ।

ਫਾਰਮ ਭਰੇ ਜਾਣ ਤੋਂ ਬਾਅਦ, ਇੱਕ ਸਮਰਪਿਤ STOPIT ਟੀਮ ਇਸ ਰਿਪੋਰਟ ਦੀ ਸਮੀਖਿਆ ਕਰਦੀ ਹੈ ਅਤੇ ਜੇਕਰ ਹੋਰ ਜਾਣਕਾਰੀ ਦੀ ਲੋੜ ਹੁੰਦੀ ਹੈ ਤਾਂ ਤੁਹਾਨੂੰ ਫ਼ੋਨ ਕਰ ਸਕਦੀ ਹੈ।

ਜੇਕਰ ਤੁਹਾਨੂੰ, ਜਾਂ ਤੁਹਾਡੇ ਕਿਸੇ ਜਾਣਕਾਰ ਨੂੰ ਭਵਿੱਖ ਵਿੱਚ ਇਸਦੀ ਲੋੜ ਪਵੇ ਤਾਂ ਤੁਸੀਂ STOPIT ਫ਼ੋਨ ਨੰਬਰ ਨੂੰ ਆਪਣੇ ਫ਼ੋਨ ਵਿੱਚ ਭਰ ਸਕਦੇ ਹੋ। ਕੋਈ ਵੀ ਰਿਪੋਰਟ ਬਹੁਤ ਮਾਮੂਲੀ ਨਹੀਂ ਹੈ, ਅਤੇ ਅਸੀਂ ਇਸਨੂੰ ਹਮੇਸ਼ਾ ਗੰਭੀਰਤਾ ਨਾਲ ਲਵਾਂਗੇ।

## ਕੀ ਰਿਪੋਰਟ ਕਰਨਾ ਗੁਪਤ ਹੁੰਦਾ ਹੈ?

STOPIT ਰਿਪੋਰਟਾਂ ਪੂਰੀ ਤਰ੍ਹਾਂ ਗੁਪਤ ਹੁੰਦੀਆਂ ਹਨ ਅਤੇ ਵਿਸ਼ੇਸ਼ ਤੌਰ ‘ਤੇ ਪੁਲਿਸ ਨੂੰ ਜਨਤਕ ਆਵਾਜਾਈ ‘ਤੇ ਅਪਰਾਧੀਆਂ ਦੀ ਪਛਾਣ ਕਰਨ ਅਤੇ ਨੈੱਟਵਰਕ ਨੂੰ ਹਰੇਕ ਲਈ ਸੁਰੱਖਿਅਤ ਬਣਾਉਣ ਵਿੱਚ ਮਦਦ ਕਰਨ ਲਈ ਵਰਤੀਆਂ ਜਾਂਦੀਆਂ ਹਨ।

## ਸਹਾਇਤਾ ਸੇਵਾਵਾਂ

ਜਨਤਕ ਆਵਾਜਾਈ ‘ਤੇ ਹੋਏ ਅਣਚਾਹੇ ਜਿਨਸੀ ਵਿਵਹਾਰ ਦੇ ਪੀੜਤਾਂ ਲਈ,
police.vic.gov.au/support-resources-sexual-offences-child-abuse. ‘ਤੇ ਸਹਾਇਤਾ ਉਪਲਬਧ ਹੈ।

**0499 455 455** 'ਤੇ **STOPIT** ਲਿਖਕੇ ਭੇਜੋ।

VICTORIA State Government

VICTORIA POLICE